

Long-Term Care Home Update

*Community Newsletter*

Lakeridge Health

**ਅਗਸਤ 2021**

## ਜਸ਼ਨ ਵਾਲਾ ਅਗਸਤ

Ajax Pickering Hospital ਵਿੱਚ ਨਿਰਮਾਣ ਅਧੀਨ ਨਵੇਂ ਲੰਮੇ ਸਮੇਂ ਦੇ ਕੇਅਰ ਹੋਮ ਲਈ ਅਗਸਤ ਇੱਕ ਬਹੁਤ ਹੀ ਦਿਲਚਸਪ ਮਹੀਨਾ ਰਿਹਾ ਹੈ। Lakeridge Health ਅਤੇ ਇਸ ਦੇ ਭਾਈਵਾਲ Infrastructure Ontario ਅਤੇ PCL Construction ਇਸ ਮਹੀਨੇ ਹੋਮ ਦਾ "ਟਾਪਿੰਗ ਆਫ" ਪੂਰਾ ਕਰਨਗੇ। ਇੱਕ "ਟਾਪਿੰਗ ਆਫ" ਸਮਾਰੋਹ ਬਿਲਡਿੰਗ ਸਾਈਟਾਂ 'ਤੇ ਇੱਕ ਪਰੰਪਰਾ ਹੈ ਜੋ ਇਹ ਦਰਸਾਉਂਦੀ ਹੈ ਕਿ ਇਮਾਰਤ ਦਾ ਸਭ ਤੋਂ ਉੱਚਾ ਸਥਾਨ ਪੂਰਾ ਹੋ ਗਿਆ ਹੈ। Lakeridge Health ਵਿਖੇ ਲੰਬੇ ਸਮੇਂ ਦੇ ਕੇਅਰ ਹੋਮ ਲਈ, ਇਸਦਾ ਮਤਲਬ ਹੈ ਕਿ ਛੇਵੀਂ ਅਤੇ ਅੰਤਮ ਮੰਜ਼ਿਲ ਪੂਰੀ ਹੋ ਗਈ ਹੈ।

ਅਸੀਂ ਅਗਲੇ ਮਹੀਨੇ ਦੇ ਕਮਿਉਨਿਟੀ ਨਿਊਜ਼ਲੈਟਰ ਵਿੱਚ ਟਾਪਿੰਗ ਆਫ ਜਸ਼ਨਾਂ ਦੇ ਵਧੇਰੇ ਵੇਰਵੇ ਸਾਂਝੇ ਕਰਾਂਗੇ। Lakeridge Health ਸੈਂਕੜੇ ਉਸਾਰੀ ਪੇਸ਼ੇਵਰਾਂ ਅਤੇ ਟੀਮ ਦੇ ਮੈਂਬਰਾਂ ਦਾ ਧੰਨਵਾਦ ਕਰਨਾ ਚਾਹੁੰਦਾ ਹੈ ਜਿਨ੍ਹਾਂ ਨੇ ਇਸ ਮੀਲ ਪੱਥਰ ਨੂੰ ਸੰਭਵ ਬਣਾਇਆ।

ਇਸ ਮਹੀਨੇ ਕਈ ਹੋਰ ਦਿਲਚਸਪ ਘਟਨਾਵਾਂ ਹੋਈਆਂ। ਇੱਕ ਕ੍ਰੇਨ ਨੂੰ ਡਿਸਮੈਂਟਲ ਕਰ ਦਿੱਤਾ ਗਿਆ ਅਤੇ ਸਾਈਟ ਤੋਂ ਹਟਾ ਦਿੱਤਾ ਗਿਆ, ਕਰਮਚਾਰੀ ਹੋਮ ਦੀਆਂ ਖਿੜਕੀਆਂ ਲਗਾਉਣਾ ਖਤਮ ਕਰ ਦੇਣਗੇ ਅਤੇ ਬਾਹਰੀ ਸਾਈਡਿੰਗ ਅਤੇ ਛੱਤ ਨੂੰ ਸਥਾਪਤ ਕਰਨਾ ਜਾਰੀ ਰੱਖਣਗੇ।

ਇਸ ਮਹੀਨੇ ਦੀ ਗਤੀਵਿਧੀ ਅਤੇ ਹੋਮ ਦੇ ਢਾਂਚੇ ਨੂੰ ਸਿਰਫ ਅੱਠ ਮਹੀਨਿਆਂ ਵਿੱਚ ਪੂਰਾ ਕਰਨਾ ਜਨਵਰੀ, ਜਦੋਂ ਕਰਮਚਾਰੀਆਂ ਨੇ ਪਹਿਲੀ ਵਾਰ ਸਾਈਟ 'ਤੇ ਨੀਂਹ ਪੁੱਟੀ ਸੀ, ਤੋਂ ਲੈ ਕੇ ਹੁਣ ਤੱਕ ਕੀਤੀ ਗਈ ਅਦਭੁਤ ਤਰੱਕੀ ਦਾ ਪ੍ਰਮਾਣ ਹੈ। Ontario ਸਰਕਾਰ ਦੇ ਐਕਸੀਲੇਰੇਟਿਡ ਬਿਲਡ ਪਾਇਲਟ ਪ੍ਰੋਗਰਾਮ ਨੇ ਨਵੇਂ ਲੰਮੇ ਸਮੇਂ ਦੇ ਕੇਅਰ ਹੋਮ ਨੂੰ ਰਵਾਇਤੀ ਨਿਰਮਾਣ ਨਾਲੋਂ ਜਲਦੀ ਪੂਰਾ ਕਰਨ ਦੇ ਯੋਗ ਬਣਾਇਆ ਹੈ। ਇੱਕ ਵਾਰ 2022 ਵਿੱਚ ਮੁਕੰਮਲ ਹੋਣ 'ਤੇ , ਹੋਮ Durham Region ਵਿੱਚ 320 ਲੰਮੇ ਸਮੇਂ ਦੇ ਦੇਖਭਾਲ ਵਾਲੇ ਬਿਸਤਰੇ ਲਿਆਏਗਾ ਅਤੇ ਇੱਕ ਆਧੁਨਿਕ, ਅਤਿ ਆਧੁਨਿਕ, ਸ਼ਾਨਦਾਰ ਜਗ੍ਹਾ ਪ੍ਰਦਾਨ ਕਰੇਗਾ ਜਿਸਨੂੰ ਬਜ਼ੁਰਗ ਘਰ ਕਹਿਣਗੇ।



*31 ਜੁਲਾਈ 2021 ਨੂੰ ਅੰਤਿਮ ਛੇਵੀਂ ਮੰਜ਼ਿਲ 'ਤੇ ਕੰਮ*

## ਚਾਨਣ ਹੋਣ ਦਿਓ: ਸਤੰਬਰ ਦੇ ਲਈ ਉਮੀਦਾਂ

ਹਾਲਾਂਕਿ ਇਮਾਰਤ ਬਾਹਰੋਂ ਹੋਮ ਦੀ ਤਰ੍ਹਾਂ ਦਿਖਾਈ ਦੇ ਸਕਦੀ ਹੈ, ਪਰ ਇਸ ਤੋਂ ਪਹਿਲਾਂ ਕਿ ਵਸਨੀਕ ਸੁਰੱਖਿਅਤ ਢੰਗ ਨਾਲ ਅੰਦਰ ਜਾ ਸਕਣ, ਇਮਾਰਤ ਦੇ ਅੰਦਰ ਬਹੁਤ ਸਾਰੇ ਕੰਮ ਕਰਨੇ ਬਾਕੀ ਹਨ। 21 ਅਗਸਤ ਨੂੰ ਇਮਾਰਤ ਦੇ ਢਾਂਚੇ ਦੇ ਮੁਕੰਮਲ ਹੋਣ ਦੇ ਨਾਲ, ਹੁਣ ਧਿਆਨ ਸਾਰੇ ਹੋਮ ਦੀ ਅੰਦਰੂਨੀ ਬਣਤਰ, ਨੈਟਵਰਕਾਂ ਅਤੇ ਫਿਨਿਸ਼ਿੰਗ ਵੱਲ ਕੇਂਦਰਤ ਹੋ ਗਿਆ ਹੈ।

ਖਾਸ ਤੌਰ 'ਤੇ, ਹੋਮ ਅਸਥਾਈ ਤੋਂ ਸਥਾਈ ਬਿਜਲੀ ਵੱਲ ਚਲਾ ਜਾਵੇਗਾ, ਅਤੇ ਹੁਣ ਜਨਰੇਟਰਾਂ 'ਤੇ ਨਿਰਭਰ ਨਹੀਂ ਰਹੇਗਾ। ਇਸਦਾ ਅਰਥ ਹੈ ਕਿ ਹੁਣ ਪੂਰੀ ਇਮਾਰਤ ਵਿੱਚ ਬਿਜਲੀ ਅਤੇ ਲਾਈਟਾਂ ਚੱਲ ਰਹੀਆਂ ਹਨ, ਜੋ ਹੋਮ ਦੇ ਭਵਿੱਖ ਦੇ ਵਸਨੀਕਾਂ ਅਤੇ ਟੀਮ ਦੇ ਮੈਂਬਰਾਂ ਲਈ ਸਭ ਤੋਂ ਵਧੀਆ ਦੇਖਭਾਲ ਅਤੇ ਸੁਰੱਖਿਆ ਤਿਆਰ ਕਰਨ ਲਈ ਹੋਮ ਵਿੱਚ ਲੋੜੀਂਦੀਆਂ ਜ਼ਰੂਰੀ ਚੀਜ਼ਾਂ ਲਗਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।

ਸਥਾਈ ਪਾਵਰ ਦੇ ਨਾਲ, ਬਿਲਡਿੰਗ ਦੀਆਂ ਕਈ ਪ੍ਰਣਾਲੀਆਂ ਨੂੰ ਆਨਲਾਈਨ ਲਿਆਂਦਾ ਜਾਵੇਗਾ ਅਤੇ ਉਨ੍ਹਾਂ ਨੂੰ ਪੂਰੇ ਪੱਤਝੜ ਦੇ ਮੌਸਮ ਦੌਰਾਨ ਚੰਗੀ ਤਰ੍ਹਾਂ ਜਾਂਚਿਆ ਜਾਵੇਗਾ। ਇਸ ਵਿੱਚ ਹੋਮ ਦੇ ਫਾਈਬਰ ਇੰਟਰਨੈਟ ਕਨੈਕਸ਼ਨ ਨੂੰ ਜੋੜਨਾ, ਐਲੀਵੇਟਰ ਕਾਰਾਂ ਸਥਾਪਤ ਕਰਨਾ ਅਤੇ ਲਾਂਡਰੀ, ਰਸੋਈ ਅਤੇ ਐਮਰਜੈਂਸੀ ਜਨਰੇਟਰ ਉਪਕਰਣਾਂ ਦੀ ਡਿਲੀਵਰੀ ਸ਼ਾਮਲ ਹੈ।

## ਨਵਾਂ ਲੰਬੀ-ਮਿਆਦ ਦਾ ਕੇਅਰ ਹੋਮ ਖ਼ਬਰਾਂ ਵਿੱਚ

Oshawa Express ਨੇ ਪਿਛਲੇ ਮਹੀਨੇ ਹੋਮ ਦੀ 'ਤੇਜ਼ੀ ਨਾਲ ਚੱਲ ਰਹੀ ਪ੍ਰਗਤੀ 'ਤੇ ਰਿਪੋਰਟ ਦਿੱਤੀ ਸੀ, ਜਿਸਦਾ ਸਿਰਲੇਖ ਸੀ, ***Construction on long-term care home in Ajax on track (Ajax ਵਿੱਚ ਲੰਮੇ ਸਮੇਂ ਦੇ ਕੇਅਰ ਹੋਮ ਦਾ ਨਿਰਮਾਣ ਸਹੀ ਰਫ਼ਤਾਰ 'ਤੇ)।***



## ਇਤਿਹਾਸ ਦਾ ਹਿੱਸਾ ਬਣਨ ਲਈ ਤੁਹਾਡਾ ਧੰਨਵਾਦ!

ਇਸ ਮਹੀਨੇ ਦੇ ਸ਼ੁਰੂ ਵਿੱਚ, Lakeridge Health ਨੇ Durham ਦੇ ਭਾਈਚਾਰੇ ਨੂੰ ਲੰਮੀ-ਮਿਆਦ ਦੇ ਕੇਅਰ ਹੋਮ ਲਈ ਭਾਈਚਾਰਕ ਨਾਮਕਰਨ ਸਰਵੇਖਣ ਨੂੰ ਪੂਰਾ ਕਰਨ ਦਾ ਸੱਦਾ ਦਿੱਤਾ ਸੀ। Lakeridge Health ਵਿਖੇ ਨਵੇਂ ਲੰਮੇ ਸਮੇਂ ਦੇ ਕੇਅਰ ਹੋਮ ਦੁਆਰਾ ਕਈ ਮੀਲ-ਪੱਥਰ ਪੂਰੇ ਕਰਨ ਦੇ ਬਾਅਦ, ਹੋਮ ਦੇ ਨਾਮ ਦਾ ਫੈਸਲਾ ਕਰਨਾ ਅਗਲਾ ਮਹੱਤਵਪੂਰਨ ਕਦਮ ਸੀ ਅਤੇ ਸਾਨੂੰ ਤੁਹਾਡੀ ਮਦਦ ਦੀ ਲੋੜ ਸੀ।

ਉਨ੍ਹਾਂ ਸਾਰਿਆਂ ਦਾ **ਧੰਨਵਾਦ** ਜਿਨ੍ਹਾਂ ਨੇ ਸਰਵੇਖਣ ਵਿੱਚ ਹਿੱਸਾ ਲਿਆ ਅਤੇ ਹੋਮ ਦੇ ਨਾਮ ਬਾਰੇ ਆਪਣੇ ਨਜ਼ਰੀਏ ਸਾਂਝੇ ਕਰਨ ਲਈ ਸਮਾਂ ਕੱਢਿਆ। ਨਵੀਂ ਸਹੂਲਤ Durham ਦੇ ਬਜ਼ੁਰਗਾਂ ਲਈ ਘਰ ਹੋਵੇਗੀ ਅਤੇ ਖੇਤਰ ਦੇ ਸੈਂਕੜੇ ਸਿਹਤ-ਸੰਭਾਲ ਕਰਮਚਾਰੀਆਂ ਲਈ ਇੱਕ ਕੰਮ ਕਰਨ ਦਾ ਸਥਾਨ ਹੋਵੇਗੀ। ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਨਵਾਂ ਘਰ ਅਤੇ ਇਸਦਾ ਨਾਮ ਤੁਹਾਨੂੰ — ਸਾਡੇ ਗੁਆਂਢੀਆਂ, ਟੀਮ ਦੇ ਮੈਂਬਰ ਅਤੇ ਭਾਈਚਾਰੇ — ਨੂੰ ਪ੍ਰਦਰਸ਼ਿਤ ਕਰੇ, ਅਤੇ ਤੁਹਾਡੇ ਵਿਚਾਰਸ਼ੀਲ ਵਿਚਾਰਾਂ ਨੇ ਇਸ ਨੂੰ ਹਕੀਕਤ ਬਣਾਉਣ ਵਿੱਚ ਸਹਾਇਤਾ ਕੀਤੀ ਹੈ।

Lakeridge Health ਟੀਮ ਹੁਣ ਸਰਵੇਖਣ ਦੇ ਨਤੀਜਿਆਂ ਦੀ ਸਮੀਖਿਆ ਕਰ ਰਹੀ ਹੈ ਅਤੇ ਅਸੀਂ ਨੇੜਲੇ ਭਵਿੱਖ ਵਿੱਚ ਹੋਮ ਦਾ ਨਾਮ ਭਾਈਚਾਰੇ ਨਾਲ ਸਾਂਝਾ ਕਰਨ ਦੀ ਉਮੀਦ ਰੱਖਦੇ ਹਾਂ।



## ਸਾਡੇ ਨਾਲ ਜੁੜੋ

ਹੋਮ ਦੀ ਤਰੱਕੀ ਬਾਰੇ ਤਾਜ਼ਾ ਜਾਣਕਾਰੀ ਰੱਖਣਾ ਚਾਹੁੰਦੇ ਹੋ? **ਆਪਣਾ ਨਾਮ ਅਤੇ ਈਮੇਲ ਪਤਾ AjaxLTC@lh.ca 'ਤੇ ਈਮੇਲ ਕਰਕੇ ਸਾਡੀ ਈਮੇਲ ਸੂਚੀ ਵਿੱਚ ਸ਼ਾਮਲ ਹੋਵੋ।** ਤੁਸੀਂ ਸਿੱਧਾ ਆਪਣੇ ਈਮੇਲ ਇਨਬਾਕਸ ਵਿੱਚ ਤਾਜ਼ਾ ਜਾਣਕਾਰੀ ਅਤੇ ਅੱਪਡੇਟ ਪ੍ਰਾਪਤ ਕਰੋਗੇ!

ਇਸ ਦੌਰਾਨ, ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਸੀਂ ਵਧੇਰੇ ਜਾਣਕਾਰੀ ਚਾਹੁੰਦੇ ਹੋ, ਕਿਰਪਾ ਕਰਕੇ ਸਾਡੀ ਵੈੱਬਸਾਈਟ **lakeridgehealth.on.ca** 'ਤੇ ਜਾਓ, **905-576-8711 ਐਕਸਟੈਨਸ਼ਨ 34167** 'ਤੇ ਕਾਲ ਕਰੋ ਜਾਂ **AjaxLTC@lh.ca** 'ਤੇ ਈਮੇਲ ਕਰੋ। ਤੁਸੀਂ ਸਾਨੂੰ Twitter ਅਤੇ Facebook 'ਤੇ ਵੀ ਲੱਭ ਅਤੇ ਫਾਲੋ ਕਰ ਸਕਦੇ ਹੋ।